**ਸਰਵ ਸਿੱਖਿਆ ਅਭਿਆਨ ਅਥਾਰਟੀ**
**ਸਕੂਲ ਸਿੱਖਿਆ ਵਿਭਾਗ ਪੰਜਾਬ**
**ਐਸ.ਸੀ.ਓ 104-106 ਦੂਜੀ ਤੇ ਤੀਜੀ ਮੰਜ਼ਿਲ ਸੈਕਟਰ 34-ਏ, ਚੰਡੀਗੜ੍ਹ**
ਫੋਨ ਨੰ: 0172-2623207, **2663104 email: ssa.punjab@yahoo.co.in**
**ਵੈਬਸਾਈਟ ssapunjab.org**

# ਸ਼ੁੱਧੀ ਪੱਤਰ

ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ 11.10.2011 ਦੇ ਅਖਬਾਰ ਅਜੀਤ (ਪੰਜਾਬੀ), ਟ੍ਰਿਬਿਊਨ ਅੰਗਰੇਜ਼ੀ ਅਤੇ ਪੰਜਾਬ ਕੇਸਰੀ (ਹਿੰਦੀ) ਵਿੱਚ 1273 ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਭਰਨ ਲਈ ਬਿਨੈ-ਪੱਤਰ ਮੰਗਣ ਹਿਤ ਵਿਗਿਆਪਨ ਦਿੱਤਾ ਗਿਆ ਸੀ। ਇਸ ਸਿਲਸਿਲੇ ਵਿੱਚ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜ਼ਿਕਰ ਕੀਤੇ ਵਿਗਿਆਪਨ ਵਿੱਚ ਨਿਮਨਲਿਖਤ ਅਨੁਸਾਰ ਸੋਧ ਕੀਤੀ ਜਾਂਦੀ ਹੈ :-

ੳ) ਲੜੀ ਨੰ: 4 (i) ਅਤੇ (ii) ਉੱਤੇ ਦਰਸਾਈਆਂ ਵਿੱਦਿਅਕ ਯੋਗਤਾਵਾਂ ਨਿਮਨਲਿਖਤ ਅਨੁਸਾਰ ਹੋਣਗੀਆਂ :-

i) ਘੱਟੋ ਘੱਟ 50% ਅੰਕਾਂ ਨਾਲ ਸੀਨੀਅਰ ਸੈਕੰਡਰੀ ( ਜਾਂ ਇਸਦੇ ਬਰਾਬਰ) ਅਤੇ 2 ਸਾਲਾ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ( ਜਾਂ ਇਸਦੇ ਬਰਾਬਰ ਦਾ ਇਮਤਿਹਾਨ ਜਿਸਦਾ ਭਾਵੇਂ ਕੋਈ ਵੀ ਨਾਮ ਹੋਵੇ ਐਨ.ਸੀ.ਟੀ.ਈ ( ਰਿਕੋਗਨੀਸ਼ਨ ਨਾਰਮਜ਼ ਐਂਡ ਪ੍ਰੋਸੀਜਰ ) ਰੈਗੁਲੇਸ਼ਨਸ਼ਜ਼ 2002 ਅਨੁਸਾਰ ਪਾਸ ਕੀਤਾ ਹੋਵੇ।

ਜਾਂ

ii) ਘੱਟੋ ਘੱਟ 50% ਅੰਕਾਂ ਨਾਲ ਸੀਨੀਅਰ ਸੈਕੰਡਰੀ ( ਜਾਂ ਇਸਦੇ ਬਰਾਬਰ) ਅਤੇ 4 ਸਾਲਾ ਬੈਚੁਲਰ ਇਨ ਐਲੀਮੈਂਟਰੀ ਐਜੂਕੇਸ਼ਨ (B.El. Ed ) ਪਾਸ ਕੀਤਾ ਹੋਵੇ।

ਜਾਂ

iii) ਘੱਟੋ ਘੱਟ 50% ਅੰਕਾਂ ਨਾਲ ਸੀਨੀਅਰ ਸੈਕੰਡਰੀ ( ਜਾਂ ਇਸਦੇ ਬਰਾਬਰ) ਅਤੇ 2 ਸਾਲਾ ਡਿਪਲੋਮਾ ਇਨ ਐਜੂਕੇਸ਼ਨ (ਸਪੈਸ਼ਲ ਐਜੂਕੇਸ਼ਨ) ਪਾਸ ਕੀਤਾ ਹੋਵੇ ।

ਜਾਂ

iv) ਗਰੈਜੂਏਸ਼ਨ ਅਤੇ 2 ਸਾਲਾ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ( ਜਾਂ ਇਸਦੇ ਬਰਾਬਰ ਦਾ ਇਮਤਿਹਾਨ ਜਿਸਦਾ ਭਾਵੇਂ ਕੋਈ ਵੀ ਨਾਮ ਹੋਵੇ ) ਪਾਸ ਕੀਤਾ ਹੋਵੇ

ਜਾਂ

v) ਘੱਟੋ ਘੱਟ 50% ਅੰਕਾਂ ਨਾਲ ਗਰੈਜੂਏਸ਼ਨ ਅਤੇ ਬੀ.ਐਡ, ਐਨ.ਸੀ.ਟੀ.ਈ (ਰਿਕੋਗਨੀਸ਼ਨ ਨਾਰਮਜ਼ ਐਂਡ ਪ੍ਰੋਸੀਜਰ ) ਰੈਗੁਲੇਸ਼ਨਸ਼ਜ਼ ਜਿਵੇਂ ਕਿ ਇਹ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹਨ ਵੀ ਕਲਾਸ 1 ਤੋਂ 5 ਲਈ 1 ਜਨਵਰੀ 2012 ਤੱਕ ਨਿਯੁਕਤੀ ਲਈ ਯੋਗ ਹੋਣਗੇ ਬਸ਼ਰਤੇ ਕਿ ਸੰਬੰਧਤ ਉਮੀਦਵਾਰ ਨੂੰ ਨਿਯੁਕਤੀ ਉਪਰੰਤ ਐਨ.ਸੀ.ਟੀ.ਈ ਵੱਲੋਂ ਪ੍ਰਵਾਨਤ 6 ਮਹੀਨੇ ਦਾ ''ਸਪੈਸ਼ਲ ਪ੍ਰੋਗਰਾਮ ਇਨ ਐਲੀਮੈਂਟਰੀ ਐਜੂਕੇਸ਼ਨ '' ਕਰਨਾ ਹੋਵੇਗਾ।

vi) **ਉਮੀਦਵਾਰ ਨੇ ਪੰਜਾਬ ਸਰਕਾਰ ਦਾ ਅਧਿਆਪਕ ਯੋਗਤਾ ਟੈਸਟ (PSTET ਪੇਪਰ-1 ) (ਪਹਿਲੀ ਤੋਂ ਪੰਜਵੀਂ ਸ਼੍ਰੇਣੀ ) ਪਾਸ ਕੀਤਾ ਹੋਵੇ।**

**ਨੋਟ: ਅ.ਜਾਤੀ/ਅ.ਜਨ ਜਾਤੀ ਨਾਲ ਸੰਬੰਧਤ ਉਮੀਦਵਾਰਾਂ ਨੂੰ ਸੀਨੀਅਰ ਸੈਕੰਡਰੀ / ਗਰੈਜੂਏਸ਼ਨ ਵਿੱਚ 5% ਅੰਕਾਂ ਦੀ ਢਿੱਲ ਮਿਲਣਯੋਗ ਹੈ।**

ਅ) ਲੜੀ ਨੰ: 8 (i) ਤੇ ਦਰਸਾਈ ਆਨ ਲਾਈਨ ਐਪਲੀਕੇਸ਼ਨਜ਼ ਪ੍ਰਾਪਤ ਕਰਨ ਦੀ ਮਿਤੀ 24.10.2011 ਤੋਂ ਵਧਾ ਕੇ ਮਿਤੀ 01.11.2011 ਕੀਤੀ ਜਾਂਦੀ ਹੈ।

ੲ) ਲੜੀ ਨੰ: 8 (iv) ਤੇ ਦਰਸਾਈ correction ਦੀ ਮਿਤੀ 24.10.2011 ਤੋਂ ਵਧਾਕੇ 01.11.2011 ਕੀਤੀ ਜਾਂਦੀ ਹੈ।

ਸ) ਲੜੀ ਨੰ: 9 ਵਿੱਚ ਹੇਠ ਲਿਖੇ ਅਨੁਸਾਰ ਸੋਧ ਹੋਵੇਗੀ :-

ਸੀਨੀਅਰ ਸੈਕੰਡਰੀ /ਗਰੈਜੁਏਸ਼ਨ ਲਈ weightage 25%

2 ਸਾਲਾ ਡਿਪਲੋਮਾ ਇਨ ਐਲੀਮੈਂਟਰੀ ਐਜੁਕੇਸ਼ਨ ./
4 ਸਾਲਾ ਬੀ.ਐਲ.ਐਡ /2 ਸਾਲਾ ਡਿਪਲੋਮਾ ਇਨ ਸਪੈਸ਼ਲ
ਐਜੁਕੇਸ਼ਨ/ਬੀ.ਐਡ ਲਈ weightage 25%

ਹ) ਲੜੀ ਨੰ: 10 (i) ਤੇ ਦਰਸਾਈ ਕਾਊਂਸਲਿੰਗ ਸ਼ਡਿਊਲ ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਦੀ ਮਿਤੀ 31.10.11 ਤੋਂ ਵਧਾ ਕੇ 4.11.2011 ਕੀਤੀ ਜਾਂਦੀ ਹੈ ।

ਕ) ਕਾਊਂਸਲਿੰਗ ਦੀਆਂ ਮਿਤੀਆਂ 8.11.2011 ਅਤੇ 9.11.2011 ਹੀ ਰਹਿਣਗੀਆਂ ।

ਖ) ਬਾਕੀ ਸਾਰੀਆਂ ਸ਼ਰਤਾਂ ਮਿਤੀ 11.10.2011 ਨੂੰ ਦਿੱਤੇ ਵਿਗਿਆਪਨ ਅਨੁਸਾਰ ਹੀ ਹੋਣਗੀਆਂ।

ਸਟੇਟ ਪ੍ਰਾਜੈਕਟ ਡਾਇਰੈਕਟਰ